

www.BibleForChildren.org



# ਯੂਹੰਨਾ 14


“ਤੁਹਾਡਾ ਦਿਲ ਨਾ ਘਬਰਾਏ, ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦੇ ਹੋ, ਮੇਰੇ ਵਿੱਚ ਵੀ ਵਿਸ਼ਵਾਸ ਕਰੋ। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ। ਜੇਕਰ ਨਾ ਹੁੰਦੀਆਂ ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾਡੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ ? ਇਸ ਲਈ ਜਦੋਂ ਮੈਂ ਜਾ ਕੇ ਤੁਹਾਡੇ ਲਈ ਥਾਂ ਤਿਆਰ ਕਰ ਲਵਾਂਗਾ ਤਾਂ ਮੈਂ ਫਿਰ ਵਾਪਸ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ ਤਾਂ ਜੋ ਜਿੱਥੇ ਮੈਂ ਹਾਂ ਉੱਥੇ ਤੁਸੀਂ ਵੀ ਹੋਵੋ।”



ਮੈਂ ਯੂਹੰਨਾ ਤੁਹਾਡਾ ਭਰਾ, ਯਿਸੂ ਦੇ ਲਈ ਧੀਰਜ ਦੇ ਨਾਲ ਦੁੱਖ ਸਹਿਣ ਅਤੇ ਰਾਜ ਵਿੱਚ ਸਾਂਝੀ ਹਾਂ । ਮੈਂ ਪਰਮੇਸ਼ਰ ਦੇ ਵਚਨ ਦੇ ਪ੍ਰਚਾਰ ਕਰਨ ਅਤੇ ਯਿਸੂ ਦੀ ਗਵਾਹੀ ਦੇਣ ਦੇ ਕਾਰਨ ਪਾਤਮੁਸ ਟਾਪੂ ਦੇ ਉੱਤੇ ਸੀ ।



ਤਦ ਇਕਦਮ ਪਰਮੇਸ਼ਰ ਦੇ ਆਤਮਾ ਨੇ ਮੇਰੇ ਉੱਤੇ ਅਧਿਕਾਰ ਕਰ ਲਿਆ ਅਤੇ ਮੈਂ ਸਵਰਗ ਦੇ ਵਿੱਚ ਇੱਕ ਸਿੰਘਾਸਣ ਲੱਗਾ ਦੇਖਿਆ
ਜਿਸ ਦੇ ਉੱਤੇ ਕੋਈ ਬੈਠਾ ਹੋਇਆ ਸੀ ।




ਫਿਰ ਮੈਂ ਸਵਰਗ ਵਿੱਚ, ਧਰਤੀ ਉੱਤੇ, ਧਰਤੀ ਦੇ ਹੇਠ ਅਤੇ ਸਮੁੰਦਰ ਵਿੱਚ ਜੋ ਕੁਝ ਉਸ ਵਿੱਚ ਹੈ ਭਾਵ ਸਾਰੀ ਰਚਨਾ ਨੂੰ ਇਹ ਕਹਿੰਦੇ ਸੁਣਿਆ, "ਜਿਹੜੇ ਸਿੰਘਾਸਣ ਉੱਤੇ ਵਿਰਾਜਮਾਨ ਹਨ ਉਹਨਾਂ ਦੀ ਅਤੇ ਲੇਲੇ ਦੀ ਵਡਿਆਈ, ਆਦਰ, ਮਹਿਮਾ ਅਤੇ ਅਧਿਕਾਰ ਅਨੰਤਕਾਲ ਤੱਕ ਰਹੇ।"




ਮੈਂ ਪਵਿੱਤਰ ਸ਼ਹਿਰ, ਨਵੇਂ ਯਰੂਸ਼ਲਮ ਨੂੰ, ਸਵਰਗ ਤੋਂ ਪਰਮੇਸ਼ਰ ਦੇ ਕੋਲੋਂ ਉਤਰਦੇ ਦੇਖਿਆ। ਉਹ ਇਸ ਤਰ੍ਹਾਂ ਤਿਆਰ ਸੀ ਜਿਸ ਤਰ੍ਹਾਂ ਇੱਕ ਲਾੜੀ ਆਪਣੇ ਲਾੜੇ ਦੇ ਲਈ ਸ਼ਿੰਗਾਰੀ ਹੋਵੇ। ਮੈਂ ਇੱਕ ਉੱਚੀ ਆਵਾਜ਼ ਵੀ ਸਿੰਘਾਸਣ ਤੋਂ ਸੁਣੀ ਜਿਹੜੀ ਕਹਿ ਰਹੀ ਸੀ, "ਦੇਖ, ਪਰਮੇਸ਼ਰ ਹੁਣ ਮਨੁੱਖਾਂ ਦੇ ਵਿਚਕਾਰ ਰਹਿਣ ਦੇ ਲਈ ਆ ਰਹੇ ਹਨ। ਉਹ ਆਪ ਹੁਣ ਉਹਨਾਂ ਦੇ ਵਿਚਕਾਰ ਰਹਿਣਗੇ ਅਤੇ ਉਹ ਉਹਨਾਂ ਦੇ ਆਪਣੇ ਲੋਕ ਹੋਣਗੇ।


ਪਰਮੇਸ਼ਰ ਉਹਨਾਂ ਦੇ ਨਾਲ ਰਹਿਣਗੇ ਅਤੇ ਉਹਨਾਂ ਦੇ ਪਰਮੇਸ਼ਰ ਹੋਣਗੇ।"



ਫਿਰ ਉਸ ਸਵਰਗਦੂਤ ਨੇ ਮੈਨੂੰ ਜੀਵਨ ਦੇ ਪਾਣੀ ਦਾ ਦਰਿਆ ਦਿਖਾਇਆ ਜਿਸ ਦੀ ਚਮਕ ਬਲੌਰ ਦੀ ਤਰ੍ਹਾਂ ਸੀ ਅਤੇ ਜਿਹੜਾ ਪਰਮੇਸ਼ਰ ਦੇ ਅਤੇ ਲੇਲੇ ਦੇ ਸਿੰਘਾਸਣ ਤੋਂ ਨਿੱਕਲ ਰਿਹਾ ਸੀ ਜਿਹੜਾ ਉਸ ਸ਼ਹਿਰ ਦੀ ਸੜਕ ਵਿੱਚੋਂ ਵਹਿੰਦਾ ਸੀ ।



ਉਸ ਸ਼ਹਿਰ ਨੂੰ ਸੂਰਜ ਜਾਂ ਚੰਦਰਮਾ ਦੀ ਕੋਈ ਲੋੜ ਨਹੀਂ ਕਿਉਂਕਿ ਪਰਮੇਸ਼ਰ ਦੇ ਤੇਜ ਨੇ ਉਸ ਨੂੰ ਚਾਨਣ ਦਿੱਤਾ ਹੈ ਅਤੇ ਲੇਲਾ ਆਪ ਉਸ ਦਾ ਦੀਪਕ ਹੈ ।




ਉਸ ਦੇ ਅੰਦਰ ਕੋਈ ਵੀ ਭ੍ਰਿਸ਼ਟ ਚੀਜ਼ ਨਹੀਂ ਆਉਣ ਦਿੱਤੀ ਜਾਵੇਗੀ, ਨਾ ਹੀ ਉਹਨਾਂ ਨੂੰ ਜਿਹੜੇ ਘਿਨਾਉਣੇ ਕੰਮ ਕਰਦੇ ਹਨ ਅਤੇ ਨਾ ਹੀ ਝੂਠਿਆਂ ਨੂੰ ਉਸ ਦੇ ਅੰਦਰ ਆਉਣ ਦਿੱਤਾ ਜਾਵੇਗਾ। ਉਸ ਦੇ ਅੰਦਰ ਕੇਵਲ
ਉਹ ਹੀ ਆਉਣਗੇ, ਜਿਹਨਾਂ ਦੇ ਨਾਂ ਲੇਲੇ
ਦੀ ਜੀਵਨ ਦੀ ਪੁਸਤਕ
ਵਿੱਚ ਲਿਖੇ ਹੋਏ ਹਨ।




"ਉਹ ਉਹਨਾਂ ਦੀਆਂ ਅੱਖਾਂ ਦੇ ਸਾਰੇ ਹੰਝੂ ਪੂੰਝਣਗੇ। ਤਦ ਮੌਤ, ਕਿਸੇ ਤਰ੍ਹਾਂ ਦਾ ਸੋਗ ਜਾਂ ਰੋਣਾ ਅਤੇ ਪੀੜਾਂ ਨਹੀਂ ਹੋਣਗੀਆਂ ਕਿਉਂਕਿ ਪਹਿਲੀਆਂ ਚੀਜ਼ਾਂ ਜਾਂਦੀਆਂ ਰਹੀਆਂ।"




ਅੱਗੇ ਤੋਂ ਕੋਈ ਵੀ ਸਰਾਪ ਹੇਠ ਨਹੀਂ ਹੋਵੇਗਾ। ਪਰਮੇਸ਼ਰ ਅਤੇ ਲੇਲੇ ਦਾ ਸਿੰਘਾਸਣ ਉਸ ਸ਼ਹਿਰ ਵਿੱਚ ਹੋਵੇਗਾ ਅਤੇ ਉਹਨਾਂ ਦੇ ਸੇਵਕ ਉਹਨਾਂ ਦੀ ਸੇਵਾ ਕਰਨਗੇ। ਉਹ ਉਹਨਾਂ ਦਾ ਚਿਹਰਾ ਵੇਖਣਗੇ ਅਤੇ ਪਰਮੇਸ਼ਰ ਦਾ ਨਾਮ ਉਹਨਾਂ ਦੇ ਮੱਥਿਆਂ ਉੱਤੇ ਲਿਖਿਆ ਹੋਵੇਗਾ।



ਫਿਰ ਮੈਂ ਸਾਰੇ ਮਰੇ ਹੋਏ ਭਾਵ ਛੋਟੇ ਅਤੇ ਵੱਡੇ ਉੱਥੇ ਖੜ੍ਹੇ ਦੇਖੇ ਅਤੇ ਉਹਨਾਂ ਲਈ ਪੁਸਤਕਾਂ ਖੋਲ੍ਹੀਆਂ ਗਈਆਂ । ਇਸ ਦੇ ਨਾਲ ਹੀ ਇੱਕ ਹੋਰ ਪੁਸਤਕ ਜਿਹੜੀ ਜੀਵਨ ਦੀ ਪੁਸਤਕ ਸੀ, ਖੋਲ੍ਹੀ ਗਈ । ਤਦ ਸਾਰੇ ਮਰੇ ਹੋਇਆਂ ਦਾ ਨਿਆਂ ਉਹਨਾਂ ਦੇ ਕੰਮਾਂ ਦੇ ਆਧਾਰ ਤੇ ਕੀਤਾ ਗਿਆ । ਜਿਸ ਕਿਸੇ ਦਾ ਵੀ ਨਾਂ ਜੀਵਨ ਦੀ ਪੁਸਤਕ ਵਿੱਚ ਨਾ ਮਿਲਿਆ ਉਸ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ ।



ਆਤਮਾ ਅਤੇ ਲਾੜੀ ਕਹਿੰਦੇ ਹਨ, “ਆ !” ਸਾਰੇ ਸੁਣਨ ਵਾਲੇ ਵੀ ਕਹਿਣ, “ਆ !” ਜਿਹੜਾ ਪਿਆਸਾ ਹੈ, ਆਵੇ, ਜਿਹੜਾ ਚਾਹਵਾਨ ਹੈ, ਜੀਵਨ ਦਾ ਪਾਣੀ ਮੁਫ਼ਤ ਲਵੇ ।



ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ
ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ
ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ
ਕਰਨ, ਨਾਸ਼ ਨਾ ਹੋਣ ਸਗੋਂ ਅਨੰਤ
ਜੀਵਨ ਪ੍ਰਾਪਤ ਕਰਨ ।

ਰੋਮ 3:23 ਕਿਉਂਕਿ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਪਰਮੇਸ਼ਰ ਦੀ
ਮਹਿਮਾ ਤੋਂ ਵਾਂਝੇ ਹਨ ।

ਰੋਮ 6:23 ਕਿਉਂਕਿ ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ਰ ਦਾ ਮੁਫ਼ਤ ਵਰਦਾਨ
ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਅਨੰਤ ਜੀਵਨ ਹੈ ।

ਇਬਰਾਨੀਆਂ 9:27 ਜਿਵੇਂ ਮਨੁੱਖ ਦੇ ਲਈ ਇੱਕ ਵਾਰ ਮਰਨਾ ਅਤੇ ਉਸ ਦੇ ਬਾਅਦ
ਨਿਆਂ ਹੋਣਾ ਨਿਯੁਕਤ ਕੀਤਾ ਗਿਆ ਹੈ,

ਅਫ਼ਸੁਸ 2:8,9 ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ
ਮੁਕਤੀ ਪ੍ਰਾਪਤ ਕੀਤੀ ਹੈ । ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ
ਦਾ ਵਰਦਾਨ ਹੈ ।

ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ
ਜਾ ਸਕਦਾ ।

ਰੋਮ 10:9,10 ਜੇਕਰ ਤੁਸੀਂ ਆਪਣੇ ਮੂੰਹ ਨਾਲ ਕਹਿ ਕੇ ਮੰਨੋ ਕਿ "ਯਿਸੂ ਪ੍ਰਭੂ ਹਨ," ਅਤੇ
ਆਪਣੇ ਦਿਲ ਦੇ ਨਾਲ ਵਿਸ਼ਵਾਸ ਕਰੋ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ
ਜਿਉਂਦਾ ਕੀਤਾ ਹੈ ਤਾਂ ਤੁਸੀਂ ਮੁਕਤੀ ਪਾਓਗੇ ।

ਕਿਉਂਕਿ ਦਿਲ ਦੇ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਦੇ ਹਾਂ ਅਤੇ ਮੂੰਹ ਨਾਲ ਇਕਰਾਰ ਕਰ ਕੇ ਮੁਕਤੀ ਪ੍ਰਾਪਤ ਕਰਦੇ ਹਾਂ ।

ਯੂਹੰਨਾ 3:16,17 ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, ਨਾਸ਼ ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ ।

ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਸੰਸਾਰ ਵਿੱਚ ਇਸ ਲਈ ਨਹੀਂ ਭੇਜਿਆ ਕਿ ਉਹ ਸੰਸਾਰ ਨੂੰ ਦੋਸ਼ੀ ਠਹਿਰਾਉਣ ਸਗੋਂ ਇਸ ਲਈ ਕਿ ਸੰਸਾਰ ਨੂੰ ਮੁਕਤੀ ਦੇਣ ।

1 ਯੂਹੰਨਾ 5:11-13 ਉਹ ਗਵਾਹੀ ਇਹ ਹੈ ਕਿ ਪਰਮੇਸ਼ਰ ਨੇ ਸਾਨੂੰ ਅਨੰਤ ਜੀਵਨ ਦਿੱਤਾ ਹੈ ਅਤੇ ਇਹ ਜੀਵਨ ਉਹਨਾਂ ਦੇ ਪੁੱਤਰ ਦੇ ਵਿੱਚ ਹੈ ।

ਜਿਸ ਦੇ ਕੋਲ ਪੁੱਤਰ ਹੈ, ਉਸ ਦੇ ਕੋਲ ਇਹ ਜੀਵਨ ਹੈ ਪਰ ਜਿਸ ਦੇ ਕੋਲ ਪਰਮੇਸ਼ਰ ਦਾ ਪੁੱਤਰ ਨਹੀਂ, ਉਸ ਦੇ ਕੋਲ ਜੀਵਨ ਵੀ ਨਹੀਂ ।

ਮੈਂ ਤੁਹਾਨੂੰ ਜਿਹੜੇ ਪਰਮੇਸ਼ਰ ਦੇ ਪੁੱਤਰ ਦੇ ਨਾਮ ਵਿੱਚ ਵਿਸ਼ਵਾਸ ਕਰਦੇ ਹੋ, ਇਹ ਇਸ ਲਈ ਲਿਖ ਰਿਹਾ ਹਾਂ ਕਿ ਤੁਸੀਂ ਜਾਣ ਲਵੋ ਕਿ ਤੁਹਾਡੇ ਕੋਲ ਅਨੰਤ ਜੀਵਨ ਹੈ ।

ਯੂਹੰਨਾ 14; 2 Corinthians 5;
ਪ੍ਰਕਾਸ਼ਨ ਦੀ ਪੁਸਤਕ 4, 21, 22

Storyline by: Edward D. Hughes

Illustrated by: Lazarus
and Alastair Paterson

Adapted by: Sarah S.

Punjabi Common Language (North American Version):
Text (pan) © 2021 Canadian Bible Society and Bible
Society of India

https://live.bible.is/bible/PANDPI/GEN/1

©2026 Bible for Children, Inc.

www.M1914.org www.bibleforchildren.org